# ਆਪਣੇ ਕਿਰਾਏ ਨੂੰ ਵਧੇਰੇ ਕਿਫ਼ਾਇਤੀ ਬਣਾਓ



# Rental Assistance Program

## ਰੈਂਟਲ ਅਸਿਸਟੈਂਸ ਪ੍ਰੋਗਰਾਮ ਲਈ ਗਾਈਡ

**ਕਿਰਾਏ ਦੀ ਸਹਾਇਤਾ ਵਾਲਾ ਪ੍ਰੋਗਰਾਮ ਘੱਟ ਆਮਦਨ ਵਾਲੇ ਯੋਗ ਕੰਮ-ਕਾਜੀ ਪਰਿਵਾਰਾਂ ਨੂੰ ਉਨ੍ਹਾਂ ਦੀਆਂ ਮਹੀਨਾਵਾਰ ਕਿਰਾਏ ਦੀਆਂ ਪੇਮੈਂਟਾਂ ਲਈ ਮਹੀਨਾਵਾਰ ਮਦਦ ਪ੍ਰਦਾਨ ਕਰਦਾ ਹੈ।**

## ਕੀ ਤੁਸੀਂ ਮਦਦ ਹਾਸਲ ਕਰਨ ਦੇ ਯੋਗ ਹੋ?

ਜੇ ਤੁਸੀਂ ਹੇਠ ਲਿਖੀਆਂ **ਸਭ** ਸ਼ਰਤਾਂ ਪੂਰੀਆਂ ਕਰਦੇ ਹੋ ਤਾਂ ਤੁਸੀਂ ਰੈਂਟਲ ਅਸਿਸਟੈਂਸ ਪ੍ਰੋਗਰਾਮ ਵਾਸਤੇ **ਯੋਗ ਹੋ ਸਕਦੇ ਹੋ**:

- ਤੁਹਾਡੀ ਸਾਰੀ ਘਰੇਲੂ ਆਮਦਨ ਜਾਂ ਉਸ ਦਾ ਕੁਝ ਹਿੱਸਾ ਲਾਜ਼ਮੀ ਤੌਰ ’ਤੇ ਰੋਜ਼ਗਾਰ ਰਾਹੀਂ ਆਉਣਾ ਚਾਹੀਦਾ ਹੈ।
- ਤੁਹਾਡੀ ਕੁੱਲ ਸਾਲਾਨਾ ਘਰੇਲੂ ਆਮਦਨ $40,000 ਜਾਂ ਇਸ ਤੋਂ ਘੱਟ ਹੈ।
- ਤੁਹਾਡੇ ਘੱਟੋ ਘੱਟ ਇੱਕ ਜਾਂ ਵਧੇਰੇ **ਨਿਰਭਰ ਬੱਚੇ** ਹਨ। ਕਿਸ ਨੂੰ ਨਿਰਭਰ ਬੱਚਾ ਮੰਨਿਆ ਜਾਂਦਾ ਹੈ? ਇੱਕ ਅਣਵਿਆਹਿਆ ਬੱਚਾ, ਮਤਰੇਆ ਬੱਚਾ, ਗੋਦ ਲਿਆ ਬੱਚਾ ਜਾਂ ਕਾਨੂੰਨੀ ਤੌਰ ’ਤੇ ਆਪਣੀ ਔਲਾਦ, ਜਿਸ ਨੂੰ ਮੁੱਖ ਤੌਰ 'ਤੇ ਅਰਜ਼ੀ ਦੇਣ ਵਾਲੇ ਵਿਅਕਤੀ ਵੱਲੋਂ ਸਹਾਰਾ ਦਿੱਤਾ ਜਾਂਦਾ ਹੈ ਅਤੇ ਜੋ:
  - 19 ਸਾਲ ਜਾਂ ਇਸ ਤੋਂ ਘੱਟ ਉਮਾ ਦਾ ਹੈ; ਜਾਂ
  - 25 ਸਾਲ ਜਾਂ ਇਸ ਤੋਂ ਘੱਟ ਉਮਰ ਦਾ ਹੈ ਅਤੇ ਮਾਨਤਾ ਪ੍ਰਾਪਤ ਡਿਪਲੋਮਾ, ਸਰਟੀਫ਼ੀਕੇਟ ਜਾਂ ਡਿਗਰੀ ਪ੍ਰਦਾਨ ਕਰਨ ਵਾਲੇ ਸਕੂਲ, ਯੂਨੀਵਰਸਿਟੀ ਜਾਂ ਕਿਸੇ ਕਿੱਤਾ-ਮੁਖੀ ਸੰਸਥਾ ਵਿੱਚ ਫੁੱਲ-ਟਾਈਮ ਪੜ੍ਹਦਾ ਹੈ; ਜਾਂ
  - ਕਿਸੇ ਵੀ ਉਮਰ ਦਾ ਹੋਵੇ ਪਰ ਜਿਸ ਨੂੰ ਮਾਨਸਿਕ ਜਾਂ ਸਰੀਰਕ ਅਪਾਹਜਤਾ ਕਾਰਣ ਇਨਕਮ ਟੈਕਸ ਦੇ ਉਦੇਸ਼ਾਂ ਲਈ ਨਿਰਭਰ ਵਜੋਂ ਸਵੀਕਾਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ $100,000 ਤੋਂ ਘੱਟ ਦੇ ਅਸਾਸੇ ਹਨ।
- ਤੁਸੀਂ ਸਾਲਾਨਾ ਇਨਕਮ ਟੈਕਸ ਰੀਟਰਨ ਭਰਦੇ ਹੋ।
- ਤੁਸੀਂ ਆਪਣੀ ਘਰੇਲੂ ਆਮਦਨ ਦਾ 30 ਪ੍ਰਤੀਸ਼ਤ ਤੋਂ ਵੱਧ ਹਿੱਸਾ ਆਪਣੇ ਘਰ ਦੇ ਕਿਰਾਏ ਲਈ ਅਦਾ ਕਰਦੇ ਹੋ ਜਾਂ ਆਪਣੀ ਮਲਕੀਅਤ ਜਾਂ ਕਬਜ਼ੇ ਵਾਲੇ ਨਿਰਮਿਤ ਘਰ (ਟਰੇਲਰ) ਵਾਸਤੇ ਜ਼ਮੀਨ ਦਾ ਕਿਰਾਇਆ (ਪੈਡ ਰੈਂਟਲ) ਦੇਣ ਲਈ ਇਸਤੇਮਾਲ ਕਰਦੇ ਹੋ।
- ਤੁਸੀਂ ਅਰਜ਼ੀ ਦੀ ਮਿਤੀ ਤੋਂ ਤੁਰੰਤ ਪਹਿਲਾਂ ਪੂਰੇ 12 ਮਹੀਨਿਆਂ ਤੋਂ ਬ੍ਰਿਟਿਸ਼ ਕੋਲੰਬੀਆ ਵਿੱਚ ਰਹੇ ਹੋ।
- ਤੁਸੀਂ ਇਸ ਪ੍ਰੋਗਰਾਮ ਸੰਬੰਧੀ ਰਿਹਾਇਸ਼ੀ ਸ਼ਰਤਾਂ ਨੂੰ ਪੂਰਾ ਕਰਦੇ ਹੋ।
- ਵਧੇਰੇ ਜਾਣਕਾਰੀ ਅਤੇ ਯੋਗਤਾ ਸੰਬੰਧੀ ਸਾਰੀਆਂ ਸ਼ਰਤਾਂ ਲਈ www.bchousing.org/RAP ’ਤੇ ਜਾਓ।



BC HOUSING

# ਆਪਣੇ ਕਿਰਾਏ ਨੂੰ ਵਧੇਰੇ ਕਿਫ਼ਾਇਤੀ ਬਣਾਓ

## ਇੱਕ ਐਪਲੀਕੇਸ਼ਨ ਫਾਰਮ ਲਓ ਅਤੇ ਉਸ ਨੂੰ ਭਰੋ

ਜੇ ਤੁਸੀਂ ਰੈਂਟਲ ਅਸਿਸਟੈਂਸ ਵਾਸਤੇ ਯੋਗ ਹੋ ਤਾਂ ਤੁਸੀਂ ਦੋ ਤਰੀਕਿਆਂ ਨਾਲ ਅਰਜ਼ੀ ਫਾਰਮ ਪ੍ਰਾਪਤ ਕਰ ਸਕਦੇ ਹੋ:

1. **ਫਾਰਮ ਆਨਲਾਈਨ ਡਾਊਨਲੋਡ ਕਰੋ:** ਅਰਜ਼ੀ ਵਾਲਾ ਫਾਰਮ www.bchousing.org/rap ਤੋਂ ਲਓ।
2. **ਡਾਕ ਰਾਹੀਂ:** ਅਰਜ਼ੀ ਵਾਲੇ ਫਾਰਮ ਦੀ ਕਾਗਜ਼ੀ ਕਾਪੀ ਮੰਗਵਾਉਣ ਲਈ 604-433-2218 ਜਾਂ 1-800-257-7756 ’ਤੇ ਫੋਨ ਕਰੋ।

## ਨਾਲ ਲੱਗਣ ਵਾਲੇ ਦਸਤਾਵੇਜ਼

ਇੱਕ ਵਾਰੀ ਜਦੋਂ ਤੁਸੀਂ ਅਰਜ਼ੀ ਫਾਰਮ ਪੂਰਾ ਕਰ ਲੈ ਜਾਂਦੇ ਹੋ ਤਾਂ ਅਗਲਾ ਕਦਮ ਸਾਨੂੰ ਜਾਣਕਾਰੀ ਦੀ ਪੁਸ਼ਟੀ ਕਰਨ ਲਈ ਦਸਤਾਵੇਜ਼ਾਂ ਦੀਆਂ ਕਾਪੀਆਂ ਭੇਜਣਾ ਹੈ। ਅਸਲੀ ਦਸਤਾਵੇਜ਼ ਭੇਜਣ ਦੀ ਥਾਂ ਉਨ੍ਹਾਂ ਦੀਆਂ **ਕਾਪੀਆਂ** ਕਰਾ ਕੇ ਭੇਜੋ।

ਦਸਤਾਵੇਜ਼ਾਂ ਵਿੱਚ ਸ਼ਾਮਲ ਹਨ:

1. ਬੈਕਿੰਗ ਸੰਬੰਧੀ ਜਾਣਕਾਰੀ (ਪੈਸੇ ਸਿੱਧੇ ਖਾਤੇ ਵਿੱਚ ਜਮ੍ਹਾਂ ਕਰਵਾਉਣ ਲਈ)
2. ਸ਼ਨਾਖਤ ਅਤੇ ਕੈਨੇਡਾ ਵਿੱਚ ਰਿਹਾਇਸ਼ੀ ਰੁਤਬੇ ਦਾ ਸਬੂਤ
3. ਕਿਰਾਏ ਦਾ ਸਬੂਤ
4. ਅਸਾਸਿਆਂ ਦਾ ਸਬੂਤ
5. ਆਮਦਨ (ਟੈਕਸ ਰਿਟਰਨ) ਦਾ ਸਬੂਤ
6. ਆਮਦਨ ਸੰਬੰਧੀ ਹੋਰ ਦਸਤਾਵੇਜ਼

ਲੋੜੀਂਦੇ ਦਸਤਾਵੇਜ਼ਾਂ ਬਾਰੇ ਵਧੇਰੇ ਜਾਣਕਾਰੀ ਲਈ ਅਰਜ਼ੀ ਚੈੱਕਲਿਸਟ ਦੇਖਣ ਵਾਸਤੇ www.bchousing.org/rap ’ਤੇ ਜਾਓ। ਇਕੱਤਰ ਕੀਤੀ ਸਾਰੀ ਜਾਣਕਾਰੀ ਯੋਗਤਾ ਨਿਰਧਾਰਤ ਕਰਨ ਦੇ ਉਦੇਸ਼ ਲਈ ਹੈ ਅਤੇ ਇਸ ਨੂੰ ਪਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ।

## ਆਪਣੀ ਅਰਜ਼ੀ ਜਮ੍ਹਾਂ ਕਰਵਾਓ

ਤੁਸੀਂ ਹੇਠ ਲਿਖੇ ਤਰੀਕਿਆਂ ਨਾਲ ਆਪਣੀ ਅਰਜ਼ੀ ਜਮ੍ਹਾਂ ਕਰਾ ਸਕਦੇ ਹੋ:

- **ਅੱਪਲੋਡ:** ਤੁਸੀਂ ਆਪਣੀ ਐਪਲੀਕੇਸ਼ਨ ਨੂੰ ਸਕੈਨ ਕਰ ਸਕਦੇ ਹੋ ਅਤੇ www.bchousing.org/puf ’ਤੇ ਸਾਡੇ ਪ੍ਰੋਗਰਾਮ ਅੱਪਲੋਡ ਫਾਰਮ ਦੀ ਵਰਤੋਂ ਕਰ ਕੇ ਅਰਜ਼ੀ ਨੂੰ ਅੱਪਲੋਡ ਕਰ ਸਕਦੇ ਹੋ।
- **ਆਪ ਜਾ ਕੇ:** ਮੁਕੰਮਲ ਕੀਤੀਆਂ ਅਰਜ਼ੀਆਂ ਨੂੰ ਬੀ.ਸੀ. ਹਾਊਸਿੰਗ ਦਫ਼ਤਰ ਦੇ ਡਾਕ ਵਾਲੇ ਖਾਨੇ ਵਿੱਚ ਪਾ ਦਿਓ।<br>ਨੋਟ: ਕੋਵਿਡ-19 ਕਾਰਣ ਬੀ.ਸੀ. ਹਾਊਸਿੰਗ ਦੇ ਦਫ਼ਤਰ ਵਾਕ-ਇਨ ਮੁਲਾਕਾਤੀਆਂ ਲਈ ਬੰਦ ਕੀਤੇ ਗਏ ਹਨ। ਕਿਰਪਾ ਕਰਕੇ ਸਾਡੀ ਵੈੱਬਸਾਈਟ 'ਤੇ ਜਾਓ ਜਾਂ ਦਫਤਰਾਂ ਦੇ ਮੁੜ ਖੁੱਲ੍ਹਣ ਬਾਰੇ ਪਤਾ ਕਰਨ ਲਈ ਕਾਲ ਕਰੋ।
- **ਡਾਕ ਰਾਹੀਂ:**

  **Rental Assistance Program,**
  BC Housing,
  101-4555 Kingsway,
  Burnaby, BC, V5H 4V8

ਕਿਰਪਾ ਕਰਕੇ **ਕੋਈ ਓਰਿਜਨਲ ਦਸਤਾਵੇਜ਼ ਸ਼ਾਮਲ ਨਾ ਕਰੋ**, ਕੇਵਲ ਕਾਪੀਆਂ ਹੀ ਭੇਜੋ।
ਜਦੋਂ ਤੁਹਾਡੀ ਅਰਜ਼ੀ 'ਤੇ ਕਾਰਵਾਈ ਹੋ ਜਾਵੇਗੀ ਤਾਂ ਤੁਹਾਨੂੰ ਡਾਕ ਰਾਹੀਂ ਸੂਚਿਤ ਕੀਤਾ ਜਾਵੇਗਾ।

## ਸਾਨੂੰ ਤਬਦੀਲੀਆਂ ਬਾਰੇ ਦੱਸਦੇ ਰਹੋ

ਜੇ ਕੋਈ ਵੀ ਅਜਿਹੀ ਤਬਦੀਲੀ ਆਵੇ ਜਿਸ ਨਾਲ ਤੁਹਾਡੀ ਅਰਜ਼ੀ ਪ੍ਰਭਾਵਿਤ ਹੋ ਸਕਦੀ ਹੈ ਤਾਂ ਕਿਰਪਾ ਕਰਕੇ ਬੀ.ਸੀ. ਹਾਊਸਿੰਗ ਨੂੰ ਤੁਰੰਤ ਸੂਚਿਤ ਕਰੋ।

- **ਫੋਨ:** 604-433-2218
- **ਟੋਲ ਫ੍ਰੀ:** 1-800-257-7756

  ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਤਕ,
  ਸੋਮਵਾਰ ਤੋਂ ਸ਼ੁੱਕਰਵਾਰ
  (ਛੁੱਟੀਆਂ ਵਾਲੇ ਦਿਨਾਂ ਤੋਂ ਇਲਾਵਾ)



BC HOUSING